ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

ਦਿੱਲੀ ਆਫਤ ਪ੍ਰਬੰਧਨ ਅਥਾਰਟੀ

ਫਾ.ਨੰ. 06/ਡੀ.ਡੀ.ਐਮ.ਏ./ਕੋਵਿਡ-19/31 ਮਿਤੀ: 08/04/2020

## ਹੁਕਮ

ਜਦੋਂ ਕਿ, ਦਿੱਲੀ ਆਫਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਸੰਤੁਸ਼ਟ ਹੈ ਕਿ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਕੋਵਿਡ-19 ਮਹਾਮਾਰੀ ਦੀ ਲਾਗ ਕਾਰਨ ਚਿੰਤਿਤ ਹੈ ਜਿਸ ਨੂੰ ਵਿਸ਼ਵ ਸਿਹਤ ਸੰਗਠਨ ਵੱਲੋਂ ਪਹਿਲਾਂ ਹੀ ਆਲਮੀ ਮਹਾਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਵਿਖੇ ਇਸ ਲਾਗ ਨੂੰ ਰੋਕਣ ਲਈ ਪ੍ਰਭਾਵੀ ਕਦਮ ਚੁੱਕਣ ਲਈ ਇਸ ਨੂੰ ਜ਼ਰੂਰੀ ਸਮਝਿਆ ਗਿਆ ਹੈ

ਅਤੇ ਜਦੋਂ ਕਿ ਭਾਰਤ ਸਰਕਾਰ ਨੇ 'ਕੋਵਿਡ-19' ਦੇ ਖਤਰੇ ਨੂੰ ਰੋਕਣ ਲਈ 25 ਮਾਰਚ, 2020 ਤੋਂ 14 ਅਪ੍ਰੈਲ, 2020 ਅੱਧੀ ਰਾਤ ਤਕ ਪੂਰੇ ਭਾਰਤ ਵਿਖੇ ਤਾਲਾਬੰਦੀ ਨੂੰ ਅਧਿਸੂਚਿਤ ਕੀਤਾ ਹੈ, ਜਿਸ ਵਿਚ ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਦਾ ਖੇਤਰ ਸ਼ਾਮਿਲ ਹੈ।

ਅਤੇ ਜਦੋਂ ਕਿ, ਦਿੱਲੀ ਆਫਤ ਪ੍ਰਬੰਧਨ ਅਥਾਰਟੀ ਨੇ ਸਥਿਤੀ ਨਾਲ ਨਿਪਟਣ ਲਈ ਸਾਰੇ ਜ਼ਰੂਰੀ ਉਪਾਅ ਕਰਨ ਲਈ ਸਮੇਂ-ਸਮੇਂ 'ਤੇ ਸਾਰੇ ਅਧਿਕਾਰਿਆਂ ਨੂੰ ਵੱਖ-ਵੱਖ ਹੁਕਮ/ਨਿਰਦੇਸ਼ ਜਾਰੀ ਕੀਤੇ ਹਨ;

ਅਤੇ ਜਦੋਂ ਕਿ, ਸਕੱਤਰ (ਸਿਹਤ ਅਤੇ ਪਰਿਵਾਰ ਭਲਾਈ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਨੇ ਮਿਤੀ 02/04/2020 ਦੇ ਪੱਤਰ ਸੰਖਿਆ 52/ਡੀ.ਜੀ.ਐਚ.ਐਸ./ਪੀ.ਐਚ.-ਜਡ/ਕੋਵਿਡ/2020/ ਪ੍ਰ.ਸ.ਸਿ.ਅਤੇ.ਪ.ਕ./3803-32 ਰਾਹੀਂ ਪੁਲਿਸ ਕਮਿਸ਼ਨਰ, ਦਿੱਲੀ ਨੂੰ ਹਸਪਤਾਲਾਂ ਅਤੇ ਕੁਆਰਨਟੀਨ ਸੈਂਟਰਾਂ ਤੇ ਕੋਈ ਵੀ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਅਤੇ ਕਾਨੂੰਨ ਪ੍ਰਬੰਧ ਬਣਾਏ ਰੱਖਣ ਲਈ ਲੋੜੀਂਦੀ ਪੁਲਿਸ ਫੋਰਸ ਨੂੰ ਤੈਨਾਤ ਕਰਨ ਲਈ ਕਿਹਾ ਹੈ ਤਾਂਕਿ ਕੋਵਿਡ ਪ੍ਰਭਾਵਿਤ ਵਿਅਕਤੀ ਲਾਗ ਨੂੰ ਅੱਗੇ ਫੈਲਣ ਤੋਂ ਬਚਣ ਲਈ ਨਿਰਧਾਰਿਤ ਪ੍ਰੋਟੋਕੋਲ ਦੇ ਅਨੁਸਾਰ ਨਿਰਧਾਰਿਤ ਸਮੇਂ ਲਈ ਇਕਾਂਤਵਾਸ/ਕੁਆਰਨਟੀਨ ਵਿਚ ਰਹਿਣ।

ਅਤੇ ਜਦੋਂ ਕਿ, ਕੋਵਿਡ-19 ਬੀਮਾਰੀ ਦੇ ਫੈਲਣ ਨੂੰ ਪ੍ਰਭਾਵੀ ਢੰਗ ਨਾਲ ਘੱਟ ਕਰਨ ਅਤੇ ਰੋਕਣ ਲਈ ਉੱਤੇ ਦਿੱਤੇ ਹੁਕਮ ਨੂੰ ਯਕੀਨੀ ਬਣਾਉਣ 'ਤੇ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ।

ਹੁਣ, ਇਸ ਲਈ, ਆਫ਼ਤ ਪ੍ਰਬੰਧਨ ਐਕਟ, 2005 ਦੀ ਧਾਰਾ 22 ਤਹਿਤ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਰਾਜ ਕਾਰਜਕਾਰੀ ਕਮੇਟੀ ਦੇ ਚੇਅਰਪਰਸਨ ਵਜੋਂ ਨਿਮਨ ਹਸਤਾਖਰੀ ਵੱਲੋਂ ਇਹ ਨਿਰਦੇਸ਼ ਦਿੱਤਾ ਗਿਆ ਹੈ ਕਿ ਹਰੇਕ ਜ਼ਿਲ੍ਹੇ ਵਿਖੇ ਬਣਾਏ ਗਏ ਕੁਆਰਨਟੀਨ ਸੈਂਟਰ ਵਿਚ ਕਾਨੂੰਨ ਪ੍ਰਬੰਧ ਬਣਾਏ ਰੱਖਣ ਲਈ ਕੋਵਿਡ ਪ੍ਰਭਾਵਿਤ ਵਿਅਕਤੀ ਆਪਣੇ ਕੁਆਰਨਟੀਨ ਸੈਂਟਰ ਵਿਚ ਹੀ ਰਹੇ ਇਸ ਨੂੰ ਯਕੀਨੀ ਬਣਾਉਣ ਲਈ ਇਕ ਸਹਾਇਕ ਪੁਲਿਸ ਕਮਿਸ਼ਨਰ ਨੂੰ ਇਕ ਸ਼ਿਫਟ (ਤਰਜੀਹੀ ਤੌਰ 'ਤੇ ਨਾਈਟ ਸ਼ਿਫਟ) ਵਿਚ ਤਾਇਨਾਤ ਕੀਤਾ ਜਾਏਗਾ। ਚੇਅਰਪਰਸਨ, ਜ਼ਿਲ੍ਹਾ ਦਿੱਲੀ ਆਫਤ ਪ੍ਰਬੰਧਨ ਅਥਾਰਿਟੀ ਆਪਣੇ ਹਮਰੁਤਬਾ ਜ਼ਿਲ੍ਹਾ ਡਿਪਟੀ ਕਮਿਸ਼ਨਰ ਪੁਲਿਸ ਨਾਲ ਸਲਾਹ ਕਰਕੇ ਜੇ ਠੀਕ ਲੱਗੇ ਤਾਂ ਸ਼ਿਫਟ ਦੇ ਸਮੇਂ ਵਿਚ ਕਿਸੇ ਤਰ੍ਹਾਂ ਦਾ ਬਦਲਾਅ ਕਰ ਸਕਦੇ ਹਨ।

(ਵਿਜੇ ਦੇਵ)

ਮੁੱਖ ਸਕੱਤਰ, ਦਿੱਲੀ

ਸੇਵਾ ਵਿਖੇ,

1. ਸਾਰੇ ਜ਼ਿਲ੍ਹਾ ਮਜਿਸਟ੍ਰੇਟ, ਦਿੱਲੀ।

3. ਸਾਰੇ ਜ਼ਿਲ੍ਹਾ ਡਿਪਟੀ ਪੁਲਿਸ ਕਮਿਸ਼ਨਰ, ਦਿੱਲੀ ਪੁਲਿਸ।

ਜਾਣਕਾਰੀ ਲਈ ਨਕਲ:

1. ਮਾਨਯੋਗ ਲੈਫਟੀਨੈਂਟ ਗਵਰਨਰ, ਦਿੱਲੀ ਦੇ ਪ੍ਰਮੁੱਖ ਸਕੱਤਰ।

2. ਮਾਣਯੋਗ ਮੁੱਖਮੰਤਰੀ, ਦਿੱਲੀ ਦੇ ਵਧੀਕ ਸਕੱਤਰ।

3. ਮਾਣਯੋਗ ਉਪ-ਮੁੱਖਮੰਤਰੀ/ਵਿੱਤ ਮੰਤਰੀ ਦਿੱਲੀ ਦੇ ਸਕੱਤਰ।

4. ਮਾਣਯੋਗ ਗ੍ਰਹਿ ਮੰਤਰੀ ਦੇ ਸਕੱਤਰ ਦਿੱਲੀ।

5. ਮਾਣਯੋਗ ਰੇਵੇਨਿਯੂ ਮੰਤਰੀ, ਦਿੱਲੀ ਦੇ ਸਕੱਤਰ।

6 ਵਧੀਕ ਮੁੱਖ ਸਕੱਤਰ (ਗ੍ਰਹਿ), ਦਿੱਲੀ।

7. ਪੁਲਿਸ ਕਮਿਸ਼ਨਰ, ਦਿੱਲੀ।

8. ਪ੍ਰਮੁੱਖ ਸਕੱਤਰ, (ਰੇਵੇਨਿਯੂ)–ਅਤੇ–ਡਵੀਜ਼ਨਲ ਕਮਿਸ਼ਨਰ, ਦਿੱਲੀ ਸਰਕਾਰ।

9. ਚੇਅਰਮੈਨ, ਨਵੀਂ ਦਿੱਲੀ ਮਿਉਨਿਸਪਲ ਕੌਂਸਲ।

10. ਕਮਿਸ਼ਨਰ (ਦੱਖਣ ਡੀ.ਐਮ.ਸੀ./ਪੂਰਵੀ ਡੀ.ਐਮ.ਸੀ./ ਉੱਤਰੀ ਡੀ.ਐਮ.ਸੀ)।

11. ਸਕੱਤਰ (ਸਿਹਤ ਅਤੇ ਪਰਿਵਾਰ ਭਲਾਈ), ਦਿੱਲੀ।

12. ਨਿਦੇਸ਼ਕ, ਸੂਚਨਾ ਅਤੇ ਪ੍ਰਚਾਰ ਡਾਇਰੈਕਟੋਰੇਟ, ਦਿੱਲੀ ਨੂੰ ਵਿਆਪਕ ਪ੍ਰਚਾਰ ਲਈ।

13. ਐਸ.ਆਈ.ਓ., ਐਨ.ਆਈ.ਸੀ. ਨੂੰ ਦਿੱਲੀ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ।